## ਤਿੰਨ ਸਾਲ ਦੇ ਪਾਤਰ ਬੱਚੀਆਂ ਲਈ ਫ੍ਰੀ ਪ੍ਰੋਗ੍ਰਾਮ

ਜੇਕਰ ਤੁਹਾਡੀ ਤਿੰਨ ਸਾਲ ਦੀ ਉਮਰ ਦੀ ਔਲਾਦ ਏਬੋਰਿਜਨਲ ਅਤੇ/ਜਾਂ ਟੋਰਸ ਸਟਰੇਟ ਦੀਪਵਾਸੀ ਹੈ ਜਾਂ ਉਸਨੂੰ ਚਾਇਲਡ ਪ੍ਰੋਟੇਕਸ਼ਨ ਜਾਂ Child FIRST ਵਲੋਂ ਮਦਦ ਦਿੱਤੀ ਜਾਂਦੀ ਹੈ, ਤਾਂ ਹੋ ਸਕਦਾ ਹੈ ਕਿ ਉਹ 15 ਘੰਟੀਆਂ ਤੱਕ ਫ੍ਰੀ ਜਾਂ ਘੱਟ ਫੀਸ ਦੇ ਕਿੰਡਰਗਾਰਟਨ ਪ੍ਰੋਗ੍ਰਾਮ ਦੇ ਪਾਤਰ ਹੋਣ। ਵਧੇਰੀ ਜਾਣਕਾਰੀ ਲਈ **www.education.vic.gov.au/childhood/parents/kindergarten/Pages/earlystart.aspx** ਵੇਖੋ

## ਅਰਲੀ ਸਟਾਰਟ ਕਿੰਡਰਗਾਰਟਨ ਏਕਸਟੇਂਸ਼ਨ ਗਰਾਂਟ

ਜੇਕਰ ਤੁਹਾਡੀ ਔਲਾਦ ਨੇ ਪਿਛਲੇ ਸਾਲ ਪ੍ਰਾਰੰਭਿਕ ਸ਼ੁਰੁਆਤੀ ਕਿੰਡਰਗਾਰਟਨ (Early Start Kindergarten) ਜਾਂ ਪ੍ਰਾਰੰਭਿਕ ਸਿੱਖਿਆ-ਪ੍ਰਾਪਤੀ ਤੱਕ ਪਹੁੰਚ (Access to Early Learning) ਵਿੱਚ ਭਾਗ ਲਿਆ ਸੀ, ਤਾਂ ਤੁਸੀ ਅਰਲੀ ਸਟਾਰਟ ਕਿੰਡਰਗਾਰਟਨ ਏਕਸਟੇਂਸ਼ਨ ਗਰਾਂਟ ਦੇ ਪਾਤਰ ਹੋ ਸੱਕਦੇ ਹੋ। ਏਕਸਟੇਂਸ਼ਨ ਗਰਾਂਟ ਉਨ੍ਹਾਂ ਪਰਿਸਿਥਤੀਆਂ ਵਿੱਚ ਲਾਗੂ ਹੁੰਦੀ ਹੈ ਜਿੱਥੇ ਕਿੰਡਰਗਾਰਟਨ ਫੀਸ ਸਬਸਿਡੀ ਲਾਗੂ ਨਹੀਂ ਹੁੰਦੀ ਹੈ ਅਤੇ ਇਹ ਤੁਹਾਡੀ ਔਲਾਦ ਨੂੰ ਫ੍ਰੀ ਜਾਂ ਘੱਟੋ ਘੱਟ ਫੀਸ 'ਤੇ ਫੰਡ ਕੀਤੇ ਕਿੰਡਰਗਾਰਟਨ ਪ੍ਰੋਗ੍ਰਾਮ ਵਿੱਚ ਭਾਗ ਲੈਣ ਲਈ ਸਮਰੱਥ ਬਣਾਉਂਦੀ ਹੈ।



## ਦੋਭਾਸ਼ੀ ਅਤੇ ਦੁਭਾਸ਼ਿਆ ਸੇਵਾਵਾਂ

ਤੁਹਾਡੀ ਔਲਾਦ ਦੀ ਕਿੰਡਰਗਾਰਟਨ ਸੇਵਾ **9280 1955** ਤੇ ਫੋਨ ਕਰਕੇ ਤੁਹਾਡੀ ਅਤੇ ਤੁਹਾਡੀ ਔਲਾਦ ਦੀਆਂ ਜ਼ਰੂਰਤਾਂ ਬਾਰੇ ਤੁਹਾਨੂੰ ਗੱਲ ਕਰਣ ਵਿੱਚ ਮਦਦ ਲਈ ਫ੍ਰੀ ਦੁਭਾਸ਼ਿਆ ਸੇਵਾ ਦਾ ਪ੍ਰਯੋਗ ਕਰ ਸਕਦੀ ਹੈ।

ਨਿਪਟਾਨ ਕਰਮਚਾਰੀ ਵੀ ਰਿਫਿਊਜ਼ੀ ਪਰਿਵਾਰਾਂ ਦੇ ਕਿੰਡਰਗਾਰਟਨ ਪ੍ਰੋਗ੍ਰਾਮ ਦਾ ਪਤਾ ਲਗਾਉਣ ਵਿੱਚ ਮਦਦ ਕਰ ਸੱਕਦੇ ਹਨ।

## ਵਧੇਰੀ ਜਾਣਕਾਰੀ

ਕਿੰਡਰਗਾਰਟਨ ਪ੍ਰੋਗ੍ਰਾਮਾਂ ਜਾਂ ਕਿੰਡਰਗਾਰਟਨ ਫੀਸ ਸਬਸਿਡੀ ਬਾਰੇ ਵਧੇਰੀ ਜਾਣਕਾਰੀ ਲਈ Department of Education and Training ਦੀ ਵੈੱਬਸਾਈਟ **www.education.vic.gov.au/childhood/parents/kindergarten/Pages/fees.aspx** ਵੇਖੋ

## ਖੇਤਰੀ ਦਫਤਰ ਸੰਪਰਕ

| ਖੇਤਰੀ ਦਫਤਰ | ਥਾਂ | ਸਵਿਚਬੋਰਡ |
|---|---|---|
| ਉਤਰੀ-ਪੂਰਵੀ ਵਿਕਟੋਰੀਆ | Benalla | **03 8392 9500** |
| | Glen Waverley | **03 8392 9300** |
| ਉਤਰੀ-ਪੱਛਮੀ ਵਿਕਟੋਰੀਆ | Bendigo | **03 5440 3111** |
| | Coburg | **03 9488 9488** |
| ਦੱਖਣੀ-ਪੂਰਵੀ ਵਿਕਟੋਰੀਆ | Dandenong | **03 8765 5600** |
| | Moe | **03 5127 0400** |
| ਦੱਖਣੀ-ਪੱਛਮੀ ਵਿਕਟੋਰੀਆ | Ballarat | **03 5337 8444** |
| | Geelong | **03 5225 1000** |
| | Footscray | **03 8397 0300** |

ਤਿਆਰਕਰਤਾ:
Department of Education and Training
2, Treasury Place, East Melbourne
Melbourne 3002
© ਵਿਕਟੋਰੀਆ ਰਾਜ ਅਗਸਤ 2015

VICTORIA State Government | Education and Training

# ਫ੍ਰੀ ਜਾਂ ਘੱਟ ਫੀਸ ਦੇ ਕਿੰਡਰਗਾਰਟਨ

ਕਿੰਡਰਗਾਰਟਨ ਫੀਸ ਸਬਸਿਡੀ

Punjabi Translation



# ਕਿੰਡਰਗਾਰਟਨ (ਬਾਲਵਾੜੀ) ਤੁਹਾਡੀ ਔਲਾਦ ਲਈ ਇੱਕ ਮਹੱਤਵਪੂਰਣ ਕਦਮ ਹੁੰਦਾ ਹੈ। ਕਿੰਡਰਗਾਰਟਨ ਰਾਹੀਂ ਬੱਚੇ ਅਜਿਹੀਆਂ ਯੋਗਤਾਵਾਂ ਸਿੱਖਦੇ ਹਨ ਜਿਨ੍ਹਾਂ 'ਤੇ ਉਹ ਪੂਰੀ ਜਿੰਦਗੀ ਆਧਾਰਿਤ ਹੁੰਦੇ ਹਨ।

ਕਿੰਡਰਗਾਰਟਨ ਪ੍ਰੋਗ੍ਰਾਮ ਕਾਬਲ ਅਰਲੀ ਚਾਇਲਡਹੁਡ (ਸ਼ੁਰੂਆਤੀ ਬਚਪਨ ਦੇ) ਟੀਚਰਾਂ ਅਤੇ ਸਿਖਿਅਕਾਂ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ।

ਖੋਜ ਦਰਸਾਉਂਦੀ ਹੈ ਕਿ ਕਿੰਡਰਗਾਰਟਨ ਪ੍ਰੋਗ੍ਰਾਮ ਨਾਲ ਸਿਹਤ ਅਤੇ ਕਲਿਆਣ, ਸਮਾਜਕ ਅਤੇ ਸਿੱਖਿਆ-ਪ੍ਰਾਪਤੀ ਦੇ ਨਤੀਜਿਆਂ ਵਿੱਚ ਸੁਧਾਰ ਹੁੰਦਾ ਹੈ ਅਤੇ ਇਹ ਬੱਚਿਆਂ ਨੂੰ ਸਕੂਲ ਵਿੱਚ ਤਬਦੀਲੀ ਕਰਣ ਲਈ ਤਿਆਰ ਕਰਦਾ ਹੈ।

ਜੇਕਰ ਬੱਚੇ ਕਿੰਡਰਗਾਰਟਨ ਪ੍ਰੋਗ੍ਰਾਮ ਵਿੱਚ ਭਾਗ ਲੈਣ ਦੇ ਸਾਲ ਵਿੱਚ 30 ਅਪ੍ਰੈਲ ਤੱਕ ਘਟੋ ਘੱਟ ਚਾਰ ਸਾਲ ਦੇ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਿੰਡਰਗਾਰਟਨ ਪ੍ਰੋਗ੍ਰਾਮ ਵਿੱਚ ਭਰਤੀ ਕੀਤਾ ਜਾ ਸਕਦਾ ਹੈ।

ਤੁਹਾਡੀ ਔਲਾਦ ਦੀ ਕਿੰਡਰਗਾਰਟਨ ਟੀਚਰ ਤੁਹਾਡੀ ਔਲਾਦ ਦੀ ਸਿੱਖਿਆ-ਪ੍ਰਾਪਤੀ ਵਿੱਚ ਮਦਦ ਕਰਣ ਲਈ ਤੁਹਾਡੇ ਨਾਲ ਕੰਮ ਕਰੇਗੀ।

ਵਿਕਟੋਰੀਆ ਵਿੱਚ, ਗੁਣਵੱਤਾਪੂਰਣ ਕਿੰਡਰਗਾਰਟਨ ਪ੍ਰੋਗ੍ਰਾਮ ਲਾਂਗ ਡੇ ਕੇਅਰ ਸੈਂਟਰਾਂ, ਕਮਯੂਨਿਟੀ ਕਿੰਡਰਗਾਰਟਨਾਂ ਅਤੇ ਕੁੱਝ ਸਕੂਲਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ।

## ਕਿੰਡਰਗਾਰਟਨ ਫੀਸ ਸਬਸਿਡੀ

ਸਾਰੇ ਬੱਚਿਆਂ ਨੂੰ ਉਨ੍ਹਾਂ ਦੇ ਸਕੂਲ ਜਾਣਾ ਸ਼ੁਰੂ ਕਰਣ ਦੇ ਪਿਛਲੇ ਸਾਲ ਉੱਚ-ਗੁਣਵੱਤਾ ਵਾਲੇ ਕਿੰਡਰਗਾਰਟਨ ਪ੍ਰੋਗ੍ਰਾਮ ਤੱਕ ਪਹੁੰਚ ਪ੍ਰਦਾਨ ਕਰਣ ਦੀ ਵਿਕਟੋਰੀਅਨ ਸਰਕਾਰ ਦੀ ਵਚਨਬੱਧਤਾ ਦੇ ਭਾਗ ਦੇ ਰੂਪ ਵਿੱਚ ਤੁਹਾਡੀ ਔਲਾਦ ਫ੍ਰੀ ਜਾਂ ਘੱਟ ਫੀਸ ਦੇ ਕਿੰਡਰਗਾਰਟਨ ਲਈ ਪਾਤਰ ਹੋ ਸਕਦੀ ਹੈ।

ਕਿੰਡਰਗਾਰਟਨ ਫੀਸ ਸਬਸਿਡੀ ਚਾਰ ਸਾਲ ਦੀ ਉਮਰ ਦੇ ਪਾਤਰ ਬੱਚਿਆਂ ਨੂੰ ਹਰ ਹਫ਼ਤੇ 15 ਘੰਟਿਆਂ ਤੱਕ ਲਈ ਕਿੰਡਰਗਾਰਟਨ ਪ੍ਰੋਗ੍ਰਾਮ ਤੱਕ ਪਹੁੰਚ ਪ੍ਰਦਾਨ ਕਰਦੀ ਹੈ।

## ਕੀ ਮੇਰੀ ਔਲਾਦ ਫ੍ਰੀ ਜਾਂ ਘੱਟ ਫੀਸ ਦੇ ਕਿੰਡਰਗਾਰਟਨ ਲਈ ਪਾਤਰ ਹੈ?

ਤੁਹਾਡੀ ਔਲਾਦ ਹੇਠਾਂ ਲਿਖੇ ਕਿਸੇ ਵੀ ਪਰਿਸਥਿਤੀ ਵਿੱਚ ਫ੍ਰੀ ਜਾਂ ਘੱਟ ਫੀਸ ਦੇ ਕਿੰਡਰਗਾਰਟਨ ਤੱਕ ਪਹੁੰਚ ਪ੍ਰਾਪਤ ਕਰਣ ਲਈ ਯੋਗ ਹੋਵੇਗੀ:

- ਤੁਹਾਡੀ ਔਲਾਦ ਦੀ ਪਹਿਚਾਣ ਮਾਪਿਆਂ, ਦੇਖਰੇਖਕਰਤਾ ਜਾਂ ਕਾਨੂੰਨੀ ਗਾਰਡੀਅਨ ਦੇ ਦੁਆਰਾ ਐਬੋਰਿਜਨਲ ਅਤੇ/ਜਾਂ ਟੋਰਸ ਸਟਰੇਟ ਦੀਪਵਾਸੀ ਦੇ ਰੂਪ ਵਿੱਚ ਕੀਤੀ ਜਾਂਦੀ ਹੈ
- ਆਪਣੇ ਬਰਥ ਸਰਟੀਫਿਕੇਟ ਉੱਤੇ ਤੁਹਾਡੀ ਔਲਾਦ ਦੀ ਪਹਿਚਾਣ ਇਕੱਠੇ ਪੈਦਾ ਹੋਏ ਇੱਕ ਤੋਂ ਵੱਧ ਬੱਚਿਆਂ (ਇਕੱਠੇ ਪੈਦਾ ਹੋਏ ਤਿੰਨ ਜਾਂ ਤਿੰਨ ਤੋਂ ਵੱਧ ਬੱਚਿਆਂ) ਵਿੱਚੋਂ ਇੱਕ ਬੱਚੇ/ਬੱਚੀ ਦੇ ਰੂਪ ਵਿੱਚ ਕੀਤੀ ਜਾਂਦੀ ਹੈ
- ਤੁਹਾਡੀ ਔਲਾਦ ਜਾਂ ਮਾਪਿਆਂ ਜਾਂ ਗਾਰਡੀਅਨ ਕੋਲ ਹੇਠਾਂ ਵਿੱਚੋਂ ਕੋਈ ਕਾਰਡ ਜਾਂ ਵੀਜ਼ਾ ਹੈ:
  - ਕਾਮਨਵੇਲਥ ਹੇਲਥ ਕੇਅਰ ਕਾਰਡ
  - ਕਾਮਨਵੇਲਥ ਪੇਨਸ਼ਨਰ ਕੰਸੇਸ਼ਨ ਕਾਰਡ
  - ਡਿਪਾਰਟਮੇਂਟ ਆਫ ਵੈਟਰਨਸ ਅਫੇਅਰਸ ਗੋਲਡ ਕਾਰਡ ਜਾਂ ਵਾਇਟ ਕਾਰਡ
  - ਪਾਤਰ ਜਾਂ ਅਸਾਇਲਮ ਸੀਕਰ ਵੀਜ਼ਾ






## ਮੈਂ ਅਰਜ਼ੀ ਕਿਵੇਂ ਪਾਵਾਂ?

ਤੁਸੀ ਆਪਣੀ ਔਲਾਦ ਦੀ ਯੋਗਤਾ ਬਾਰੇ ਆਪਣੇ ਕਿੰਡਰਗਾਰਟਨ ਦੇ ਕਰਮਚਾਰੀਆਂ ਨਾਲ ਗੱਲਬਾਤ ਕਰ ਸੱਕਦੇ ਹੋ, ਅਤੇ ਉਨ੍ਹਾਂ ਨੂੰ ਆਪਣਾ ਕੰਸੇਸ਼ਨ ਕਾਰਡ, ਵੀਜ਼ਾ, ਬਰਥ ਸਰਟੀਫਿਕੇਟ ਜਾਂ ਹੋਰ ਢੁੱਕਵੇਂ ਦਸਤਾਵੇਜ਼ ਵਿਖਾ ਸੱਕਦੇ ਹੋ।

ਤੁਹਾਡੀ ਔਲਾਦ ਦਾ ਕਿੰਡਰਗਾਰਟਨ ਤੁਹਾਡੇ ਵਲੋਂ ਫੀਸ ਸਬਸਿਡੀ ਲਈ ਅਰਜ਼ੀ ਪਾਵੇਗਾ। ਭੁਗਤਾਨ ਸਿੱਧੇ ਤੁਹਾਡੀ ਔਲਾਦ ਦੇ ਕਿੰਡਰਗਾਰਟਨ ਨੂੰ ਕੀਤਾ ਜਾਵੇਗਾ ਜਿਸਦੇ ਨਾਲ ਤੁਹਾਡੀ ਔਲਾਦ ਫ੍ਰੀ ਜਾਂ ਘੱਟ ਫੀਸ ਤੇ ਉੱਚ-ਗੁਣਵੱਤਾਪੂਰਣ ਪ੍ਰੋਗ੍ਰਾਮ ਪ੍ਰਾਪਤ ਕਰਣ ਵਿੱਚ ਸਮਰੱਥ ਹੋਵੇਗੀ।

ਤੁਸੀ ਸਾਲ ਵਿੱਚ ਕਦੇ ਵੀ ਕਿੰਡਰਗਾਰਟਨ ਫੀਸ ਸਬਸਿਡੀ ਲਈ ਅਰਜ਼ੀ ਪਾ ਸੱਕਦੇ ਹੋ, ਭਲੇ ਹੀ ਤੁਹਾਡੀ ਔਲਾਦ ਕਿਸੇ ਹੋਰ ਕਿੰਡਰਗਾਰਟਨ ਵਿੱਚ ਜਾਣਾ ਸ਼ੁਰੂ ਕਰ ਦਵੇ।

## ਮੈਂ ਆਪਣੀ ਔਲਾਦ ਲਈ ਕਿੰਡਰਗਾਰਟਨ ਦੀ ਖੋਜ ਕਿਵੇਂ ਕਰਾਂ?

ਨਿਜੀ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਣ ਲਈ, ਕਿੰਡਰਗਾਰਟਨ ਪ੍ਰੋਗ੍ਰਾਮ ਕਈ ਵੱਖ-ਵੱਖ ਪਰਿਸਰਾਂ ਵਿੱਚ ਪ੍ਰਦਾਨ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਲਾਂਗ ਡੇ ਕੇਅਰ ਸੈਂਟਰਸ, ਕਮਯੂਨਿਟੀ ਕਿੰਡਰਗਾਰਟਨ ਅਤੇ ਕੁੱਝ ਸਕੂਲ ਸ਼ਾਮਿਲ ਹਨ।

ਆਪਣੇ ਖੇਤਰ ਵਿੱਚ ਕਿੰਡਰਗਾਰਟਨ ਸੇਵਾ ਦਾ ਪਤਾ ਲਗਾਉਣ ਲਈ **www.education.vic.gov.au/findaservice/Home.aspx** ਵੇਖੋ ਜਾਂ ਆਪਣੀ ਮਕਾਮੀ ਕੌਂਸਲ ਨਾਲ ਸੰਪਰਕ ਕਰੋ। ਤੁਸੀ **www.dtpli.vic.gov.au** ਤੋਂ ਆਪਣੀ ਮਕਾਮੀ ਕੌਂਸਲ ਦੇ ਸੰਪਰਕ ਵੇਰਵੇ ਦਾ ਪਤਾ ਲਗਾ ਸੱਕਦੇ ਹੋ।